ਤਾਰੇ ਗਿਣਦਿਆਂ

ਨਰਿੰਦਰ ਸਿੰਘ ਸੋਚ

21 ·05

G 783

ਜੀਵਨ ਤੇ ਦ੍ਰਿਸ਼ਟੀ ਕੋਣ
ਬਦਲ ਦੇਣ ਵਾਲੀਆਂ ਕਹਾਣੀਆਂ

ਜੀਵਨ ਮੰਦਰ ਅੰਮ੍ਰਿਤਸਰ

ਸ਼੍ਰ: ਨਰਿੰਦਰ ਸਿੰਘ ਸੋਚ ਰਚਿਤ

ਸੰਸਾਰ ਪ੍ਰਸਿਧ ਨਾਵਲ

ਮ 30 37

300 15

ਫਾਂਟਾ ਮਾਰਾ	੨।)
ਨਾਨਕ ਸਿੰਘ ਦੀ ਦੁਨੀਆਂ	੩)
ਫਾਂਸੀ	੧॥)
ਜ਼ਿੰਦਗੀ	੧। =)
ਗੀਤਾਂਜਲੀ	੨)
ਰਾਹ ਜਾਂਦਿਆਂ	੨)
ਸ਼ਾਮਾਂ ਪੈ ਗਈਆਂ	੨)
ਤਾਰੇ ਗਿਣਦਿਆਂ	੨)
ਦੁਨੀਆਂ ਵਿਚ ਪਹਿਲੀ ਮੌਤ	੧॥)
ਸਤ ਖੂਨੀ ਐਤਵਾਰ	੩)
ਸਮਾਜ ਦਾ ਨਰਕ	੩।)
ਮਜ਼ਦੂਰ	੩॥)
ਮਾਂ	੩)
ਕੈਦੀ	੩)
ਲਾਲ ਹਨੇਰੀ	੧॥)
ਨੋਬਲ ਪ੍ਰਾਈਜ਼ ਜੇਤੂ	੨॥)

ਪ੍ਰਕਾਸ਼ਕ:–

ਜੀਵਨ ਮੰਦਰ ਅੰਮ੍ਰਿਤਸਰ

ਤਤਕਰਾ

S		੯
ਤੇ ਚੱਕ ਘੁੰਮਦਾ ਰਿਹਾ		੨੨
ਪ੍ਰਮਾਣੂਆਂ ਦੀ ਚੋਰੀ	ਐਚ. ਜੀ. ਵੈਲਜ਼ (ਇੰਗਲੈਂਡ)	੩੦
ਪ੍ਰੇਮ ਅਤੇ ਰੋਟੀ	ਔਗਸਟ ਸਿਟ੍ਰਗਡ ਬਰਗ (ਸਵੀਡਨ)	੩੮
ਜੀਵਨ ਦੇ ਮੋੜ	ਯੋਹਾਨਾ ਵੂਡੇ (ਨਾਰਵੇ)	੫੩
ਪਰਦਿਆਂ ਉਹਲੇ	ਪਾਲ ਹੇਸੀ (ਜਰਮਨੀ)	੬੩
ਡਾਰਲਿੰਗ		੭੫
ਸੁਗਾਤ	ਔ: ਹੇਨਰੀ (ਅਮ੍ਰੀਕਾ)	੮੭
ਧੁਰ ਅੰਦਰਲੇ ਦੀ ਲੁਕਣ ਮੀਟੀ	ਚੇਖੋਵ (ਰੂਸ)	੯੨
ਟੁਟੀ ਘੜੀ	ਆਰਕਾਡੀ ਓਵਸ਼ਸ਼ੈਂਕੋ (ਰੂਸ)	੧੧੬
ਫਲਾਸਫਰ	ਵਾਲਟੇਅਰ (ਫ਼ਰਾਂਸ)	੧੨੦
ਕੈਪਟਨ		੧੨੯
ਟੇਮ ਦਾ ਲੈਕਚਰ	ਵਿਕਟਰ ਹੀਉਗੋ (ਫਰਾਂਸ)	੧੩੩
ਇਕ ਪਾਟਾ ਹੋਇਆ ਵਰਕਾ		੧੩੭
ਸਾਥੀ		੧੪੦
ਫੇਰੀ ਵਾਲਾ		੧੪੨

ਇਸ ਕਤਾਬ ਦਾ ਕਾਗਜ਼ ਲਾਲਾ ਬੰਸੀਧਰ ਜੀ ਕਪੂਰ ਐਂਡ ਸੰਨਜ਼ ਕੋਲੋਂ ਕੰਟ੍ਰੋਲ ਰੇਟ ਤੇ ਲਿਆ।

'ਕਸ਼ਮੀਰ ਪ੍ਰਿੰਟਿੰਗ ਪ੍ਰੈਸ' ਬਜ਼ਾਰ ਸੋਢੀਆਂ ਅੰਮ੍ਰਿਤਸਰ ਵਿਚ ਛਪੀ।

ਪ੍ਰਿੰਟਰ:–ਭਾ: ਕਸ਼ਮੀਰਾ ਸਿੰਘ।

ਪ੍ਰਕਾਸ਼ਕ:–ਬੀਬੀ ਸੁਖਵੰਤ ਕੌਰ ਪ੍ਰੋਪ੍ਰਾਈਟਰ 'ਜੀਵਨ ਮੰਦਰ'
ਚੌਕ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

ਵੱਡੇ ਲੇਖਕ

ਵੱਡੇ ਲੇਖਕ ਬਹੁਤੀਆਂ ਪੁਸਤਕਾਂ ਲਿਖਣ ਨਾਲ ਨਹੀਂ ਬਣਦੇ ਅਤੇ ਨ ਬਹੁਤੇ ਰੋਲਿਆਂ ਰੋਲਿਆਂ ਅਤੇ ਭੀੜਾਂ ਕਰ ਕੇ। ਕਿਸੇ ਵਕਤੀ ਲਹਿਰ ਦਾ ਲੇਖਕ ਵੱਡਾ ਨਹੀਂ ਹੋ ਸਕਦਾ। ਵੱਡਾ ਲਿਖਾਰੀ ਜੀਵਨ ਦੇ ਖਾਸ ਅੰਗਾਂ ਨੂੰ ਲੈਂਦਾ ਹੈ ਅਤੇ ਉਨ੍ਹਾਂ ਦੇ ਹਲ ਲਭਦਾ ਹੈ। ਜੀਵਨ ਦਾ ਸਹੀ ਉਤਰ ਹਸਾਬ ਦੇ ਸਹੀ ਉਤਰ ਵਾਂਗ ਨਹੀਂ ਹੁੰਦਾ। ਇਹ ਅੱਤ ਔਖਾ ਹੁੰਦਾ ਹੈ, ਤੇ ਵੱਡਾ ਲੇਖਕ ਹੀ ਇਸ ਨੂੰ ਖੋਜ ਕੇ ਦਸਦਾ ਹੈ।

ਮੈਂ ਕਹਾਣੀਆਂ, ਨਾਵਲਾਂ ਦੀ ਚੋਣ ਏਸੇ ਨੁਕਤੇ ਤੋਂ ਕਰਦਾ ਹਾਂ।

ਸੁਗਾਤ ਵਾਲੇ ਜੋੜੇ ਦਾ ਜੀਵਨ ਅਮਲੀ ਰੂਪ ਵਿਚ 'ਏਕ ਜੋਤ ਦੋਇ ਮੂਰਤੀ' ਵਾਲਾ ਹੈ। ਇਸ ਕਹਾਣੀ ਵਿਚ ਲੇਖਕ ਨੇ ਘਰੋਗੀ ਸੁਖ ਦਾ ਇਕ ਅਚੂਕ ਗੁਰੁ ਦਸਿਆ ਹੈ। ਬਰਾਬਰਤਾ ਦੀ ਸਹੀ ਮਸਾਲ ਹੈ। ਦੋਵੇਂ ਇਕ ਦੂਜੇ ਲਈ ਕੁਰਬਾਨੀਆਂ ਕਰਦੇ ਹਨ। ਸੁਖਾਂ ਦਾ ਬੀਜ ਕੁਰਬਾਨੀ ਹੈ, ਕੋਈ ਸੁਖ, ਮੁਲ ਦਿਤੇ ਤੋਂ ਬਿਨਾ ਨਹੀਂ ਮਿਲਦਾ।

"ਪ੍ਰੇਮ ਅਤੇ ਰੋਟੀ" ਭੀ ਇਕ ਅਨੋਖੀ ਕਹਾਣੀ ਹੈ। ਗਭਰੂ ਨੂੰ ਵਿਆਹ ਕਰਵਾਉਣ ਦਾ ਕਿੰਨਾ ਚਾਅ ਹੈ, ਬੁਢੇਪਾ ਕੁਝ ਆਰਥਕ ਔਕੜਾਂ ਵਲ ਇਸ਼ਾਰੇ ਕਰਦਾ ਹੈ, ਮੁੰਡੇ ਨੂੰ ਪਿਆਰ ਤੋਂ ਬਿਨਾ ਕੁਝ ਜ਼ਰੂਰੀ ਨਹੀਂ ਪੈਂਦਾ, ਉਹ ਪਿਆਰ ਦਾ ਹੀ ਸਭ ਕੁਝ ਬਣਾਉਣਾ ਚਾਹੁੰਦਾ ਹੈ। ਪਰ ਵਿਆਹ ਨਿਰਾ ਪਿਆਰ ਹੀ ਨਹੀਂ, ਇਹ ਅੱਤ ਮਿੱਠਾ ਹੀ ਨਹੀਂ। ਬੁਢੇ ਦੀ ਗਲ ਭਵਿਖਤ ਬਾਣੀ ਬਣਦੀ ਹੈ, ਤੇ ਅੰਤ ਨੂੰ ਉਸ ਗਭਰੂ ਨੂੰ ਕਰੜੀ ਸਜ਼ਾ ਮਿਲਦੀ ਹੈ।

"ਪ੍ਰਮਾਣੂਆਂ ਦੀ ਚੋਰੀ" ਇਕ ਵਿਗਿਆਨਕ ਕਹਾਣੀ ਹੈ, ਇਸ ਵਿਚ ਇਕ ਪਾਸੇ ਇਕ ਬਾਗੀ ਦਾ ਆਚਰਨ ਹੈ, ਜੋਹੜਾ ਸੰਸਾਰ ਬਰਬਾਦ ਕਰ ਦੇਣਾ ਚਾਹੁੰਦਾ ਹੈ, ਦੂਜੇ ਪਾਸੇ ਇਕ ਸਾਇੰਸਦਾਨ ਦਾ ਜੀਵਨ ਹੈ, ਜੋਹੜਾ

ਮੌਤ ਤੇ ਬੀਮਾਰੀਆਂ ਦਾ ਸੰਸਾਰ ਵਿਚੋਂ ਨਾਮ ਮਿਟਾ ਦੇਣਾ ਚਾਹੁੰਦਾ ਹੈ। ਕਹਾਣੀ ਦੀ ਘਟਨਾ ਐਸੀ ਹੈ ਕਿ ਦੋਹਾਂ ਦੀ ਘਬਰਾਹਟ ਮਾਰਨ ਵਾਲੀ ਵੀ ਤੇ ਜੀਵਨ ਦੇਣ ਵਾਲੀ ਵੀ ਅੰਤਲੀ ਚੋਟੀ ਤੇ ਪਹੁੰਚ ਜਾਂਦੀ ਹੈ।

"ਜੀਵਨ ਦੇ ਮੋੜ" ਜੀਵਨ ਇਕ ਘੁੰਮਦੇ ਲਾਟੂ ਵਾਂਗ ਹੈ, ਆਪ੍ਹਣੇ ਹੀ ਜ਼ੋਰ ਨਾਲ ਪਤਾ ਨਹੀਂ, ਇਸ ਨੇ ਕਿਥੋਂ ਤੋਂ ਕਿਧਰ ਨੂੰ ਤਿਲਕ ਜਾਣਾ ਹੈ, ਉਥੇ ਘੁੰਮਦੇ ਘੁੰਮਦੇ ਨੇ ਫਿਰ ਇਕ ਛਲਾਂਗ ਲਗਾਉਣੀ ਹੈ ਅਤੇ ਫਿਰ ਹੋਰ ਕਿਤੇ ਜਾ ਕੇ ਟਿਕ ਜਾਣਾ ਹੈ। ਪੁਰਾਣੀਆਂ ਯਾਣਾਂ ਤੇ ਖਾਸ ਕਰ ਕੇ ਬਚਪਨ ਦੀਆਂ ਯਾਦਾਂ ਮਨੁਖ ਉਪਰ ਕਿੰਨਾ ਅਸਰ ਰਖਦੀਆਂ ਹਨ। ਪਰ ਦੁਨੀਆਂ ਦੀਆਂ ਘਟਨਾਵਾਂ ਦਾ ਭੀ ਸਾਡੇ ਉਪਰ ਜਾਦੂ ਦਾ ਅਸਰ ਹੁੰਦਾ ਹੈ, ਪਤੀ ਦਾ ਪਤਨੀ ਨੂੰ ਸਮਾਂ ਨ ਦੇਣਾ, ਪਤਨੀ ਕੋਲੋਂ ਕੀ ਕੁਝ ਕਰਵਾ ਲੈਂਦਾ ਹੈ। ਪਾਪ ਦੀ ਪੂਰੀ ਪੂਰੀ ਤਿਆਰੀ ਹੋ ਚੁਕੀ ਹੈ, ਪਰ ਬੱਚੇ ਦੀਆਂ ਦੋ ਗਲਾਂ ਚਾਨਣ ਕਰ ਦੇਂਦੀਆਂ ਹਨ, ਤੇ ਪਾਪਾਂ ਦਾ ਹਨੇਰਾ ਦੌੜ ਜਾਂਦਾ ਹੈ।

"ਪਰਦਿਆਂ ਓਹਲੇ" ਵਿਚ ਦਿਲ ਦੇ ਉਹਨਾਂ ਲੁਕਵੇਂ ਕੋਨਿਆਂ ਵਿਚ ਚਾਨਣ ਸੁਟਿਆ ਗਿਆ ਹੈ, ਜਿਨ੍ਹਾਂ ਨੂੰ ਨ ਸਮਝਣ ਕਰ ਕੇ ਇਕ ਵੇਲੇ ਇਕ ਆਦਮੀ, ਦੂਜੇ ਨੂੰ ਮਾਰਨ ਲਈ ਤਿਆਰ ਹੁੰਦਾ ਹੈ ਅਤੇ ਦੂਜੇ ਪਲ ਉਹ ਆਪਣਾ ਸਾਰਾ ਜੀਵਨ ਅਰਪਣ ਨੂੰ ਤਿਆਰ ਹੋ ਜਾਂਦਾ ਹੈ। ਸਾਡੇ ਰੁਸੇਵੇਂ ਤੇ ਮਨੇਵੇਂ ਦੇ ਵਿਚਕਾਰ ਇਕ ਬ੍ਰੀਕ ਅਤੇ ਕੰਬਦੀ ਲੀਕ ਹੈ, ਜੇ ਸਿਆਣਪ ਨਾਲ, ਧਿਆਨ ਨਾਲ ਕਿਸੇ ਮਨੁਖ ਦੇ ਲਾਗੇ ਜਾਇਆ ਜਾਵੇ, ਤਾਂ ਉਹ ਉਸੇ ਤਰ੍ਹਾਂ ਉਡੀਕ ਰਿਹਾ ਹੁੰਦਾ ਹੈ,ਜਿਵੇਂ ਫੁਲ-ਪਤੀਆਂ ਇਕ ਸੂਰਜ ਦੀ ਕਿਰਨ ਨੂੰ।

"ਡਾਰਲਿੰਗ" ਵਿਚ ਤੀਵੀਂ ਦੀ ਫਿਤਰਤ ਦੀ ਕਹਾਣੀ ਹੈ, ਇਹ ਵੇਲ ਵਾਂਗ ਹੈ, ਸਦਾ ਸਹਾਰਾ ਲੈਣ ਯੋਗ। ਇਸ ਦਾ ਅਸਲ ਵਿਚ ਆਪਣਾ ਨ ਕੋਈ ਧਰਮ ਹੈ,ਨ ਕੋਈ ਆਪਣੀ ਰਾਇ ਅਤੇ ਨ ਖਿਆਲ। ਇਹ ਨਿਰਮਲ ਪਾਣੀ ਵਾਂਗ ਹੈ ਅਤੇ ਹਰ ਰੰਗ ਨੂੰ ਅਪਣਾ ਲੈਂਦੀ ਹੈ। ਇਸ ਜੀਵਨ ਨੂੰ ਭਾਰਤ ਵਿਚ ਬੜੀ ਉੱਚੀ ਪਦਵੀ ਦਿਤੀ ਗਈ ਹੈ, ਸਗੋਂ ਮਨੁਖ ਨੂੰ ਪ੍ਰਾਣ-ਨਾਥ ਕਿਹਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.